**©*Rajasthali Journal*** ISSN 2583-1720

Received: Mar '22
Revised:
Accepted: Apr '22

© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਸਮਕਾਲ ਦੇ ਬਰ ਮੇਚ ਦੀ ਸ਼ਾਇਰੀ : 'ਸੁਪਨਿਆਂ ਸੰਗ ਸੰਵਾਦ'

## SHAYARI OF CONTEMPORARY ISSUES: 'SUPNIAN SANG SANWAAD'

**Dr. Harmeet Kaur**
Associate Professor (Punjabi), Mata Harki Devi College, Odhan, Sirsa (Haryana)
E-mail: meetbajwa8@gmail.com

**ABSTRACT**

*ਗ਼ਜ਼ਲ ਆਧੁਨਿਕ ਪੰਜਾਬੀ ਸਾਹਿਤ ਦਾ ਸਭ ਤੋਂ ਪ੍ਰਮੁੱਖ ਰੂਪਾਕਾਰ ਹੈ। ਇਸ ਦੀ ਬੁਨਿਆਦ ਭਾਵੇਂ ਅਰਬੀ ਅਤੇ ਫ਼ਾਰਸੀ ਸਾਹਿਤ ਨਾਲ ਜੁੜੀ ਹੋਈ ਹੈ, ਪਰ ਜਿਸ ਤਰ੍ਹਾਂ ਨਵੇਂ ਯੁੱਗ ਦੇ ਸਾਹਿਤਕਾਰਾਂ ਨੇ ਇਸ ਕਾਵਿ ਰੂਪ ਨੂੰ ਚਮਕਾਇਆ ਹੈ, ਰਮਨ ਸੰਧੂ ਵੀ ਅਜਿਹੇ ਸਾਹਿਤਕਾਰਾਂ ਵਿੱਚੋਂ ਇੱਕ ਹੈ। ਆਪਣੀ ਪਹਿਲੀ ਪੁਸਤਕ 'ਤਾਂ ਸੁਪਨੇ ਕੀ ਸੋਚਣਗੇ' ਪ੍ਰਕਾਸ਼ਿਤ ਕਰਨ ਤੋਂ ਮਹਿਜ਼ ਤਿੰਨ ਸਾਲ ਬਾਅਦ, ਉਸਨੇ ਆਪਣੀ ਨਵੀਂ ਰਚਨਾ 'ਸੁਪਨਿਆਂ ਸੰਗ ਸੰਵਾਦ' ਨਾਲ ਗ਼ਜ਼ਲ ਦੀ ਦੁਨੀਆ ਵਿੱਚ ਮੁੜ ਪ੍ਰਵੇਸ਼ ਕੀਤਾ। ਉਹ ਇੱਕ ਸਰਵੋਤਮ ਅਤੇ ਪ੍ਰਸਿੱਧ ਰਚਨਾ ਕਾਰ ਵਜੋਂ ਉਭਰਿਆ। ਰਮਨ ਸੰਧੂ ਨੇ (ਰੋਮਾਂਟਿਕ ਗ਼ਜ਼ਲਾਂ ਵਿੱਚ ਤਰਜੀਹ) ਗਜ਼ਲਾਂ ਦੀ ਰਚਨਾ ਅਤੇ ਪੇਸ਼ਕਾਰੀ ਵਿੱਚ ਨਿਪੁੰਨ ਹੋਣ ਦੇ ਨਾਤੇ, ਇਹ ਸਿੱਧ ਕੀਤਾ ਹੈ ਕਿ ਉਹ ਨਾ ਸਿਰਫ਼ ਵਿਭਿੰਨ ਵਿਸ਼ਿਆਂ ਨੂੰ ਪ੍ਰਗਟਾਉਣ ਦੇ ਕਾਬਲ ਹੈ, ਸਗੋਂ ਉਹਨਾਂ ਉੱਤੇ ਮਜ਼ਬੂਤ ਪਕੜ ਅਤੇ ਪੀਡਾ ਦ੍ਰਿਸ਼ਟੀਕੋਣ ਵੀ ਰੱਖਦਾ ਹੈ।*

*Gazal is the most prominent aspect of modern Punjabi literature. Although its foundation is connected to the Arabic and Pharsi literature, but the way in which literates of newest era have lustered this aspect, Raman Sandhu is one of such shining literates of this. After publishing his first book 'Taan Supne ki sochange', he re-entered the gazal world after 3 years with his new creation 'Supnian sang Sanwaad'. This came forward as his best and popularizing Creation. Being master of creating and delivering the Gazals (priority in Romantic Gazals), Raman Sandhu has proved that he is not only worthy in raising variety of topics but also possesses firm grip and keen observative viewpoint upon them.*

**ਕੀਵਰਡ -** ਆਧੁਨਿਕ ਯੁੱਗ, ਦ੍ਰਿਸ਼ਟੀਕੋਣ , ਸਮਕਾਲੀ ,ਸਿਰਜਣਾਤਮਕਤਾ, ਸੰਵੇਦਨਸ਼ੀਲਤਾ , ਪ੍ਰਤੀਕੂਲ ਪ੍ਰਸਥਿਤੀਆਂ

**Keywords -** Modern Era, Viewpoint, Contemporary, Creativity, Sensitivity, Adverse Circumstances.

### ਖੋਜ ਪੇਪਰ

ਗ਼ਜ਼ਲ ਆਧੁਨਿਕ ਪੰਜਾਬੀ ਸਾਹਿਤ ਦਾ ਇਕ ਲੋਕਪ੍ਰਿਅ ਕਾਵਿ ਰੂਪ ਹੈ। ਰੂਪਾਕਾਰ ਵਜੋਂ ਇਸ ਦੀਆਂ ਜੜ੍ਹਾਂ ਭਾਵੇਂ ਅਰਬੀ ਫ਼ਾਰਸੀ ਨਾਲ ਜੁੜੀਆਂ ਮਿਲਦੀਆਂ ਹਨ ਪਰ ਨਵੀਂ ਪੀੜ੍ਹੀ ਦੇ ਸ਼ਾਇਰਾਂ ਨੇ ਆਪਣੇ ਹੁਨਰ ਦੀ ਪਿਉਂਦ ਲਾ ਕੇ ਇਸ ਵਿਧਾ ਨੂੰ ਜਿਸ ਢੰਗ ਨਾਲ ਨਿਵਾਜਿਆ ਹੈ, ਉਨ੍ਹਾਂ ਵਿੱਚੋਂ ਰਮਨ ਸੰਧੂ ਵੀ ਇੱਕ ਗੌਲਣਯੋਗ ਹਸਤਾਖਰ ਹੈ। ਪਲੇਠੇ ਗ਼ਜ਼ਲ ਸੰਗ੍ਰਹਿ 'ਤਾਂ ਸੁਪਨੇ ਕੀ ਸੋਚਣਗੇ' ਤੋਂ ਮਹਿਜ਼ ਤਿੰਨ ਸਾਲ ਦੇ ਵਕਫ਼ੇ ਬਾਅਦ 'ਸੁਪਨਿਆਂ ਸੰਗ ਸੰਵਾਦ' ਰਚਾਉਣ ਦੇ ਬਹਾਨੇ ਪੰਜਾਬੀ ਗ਼ਜ਼ਲ ਦੇ ਵਿਹੜੇ ਵਿਚ ਉਸ ਮੁੜ ਅਲਖ ਜਗਾਈ, ਜੋ ਉਸ ਦੀ ਗ਼ਜ਼ਲ ਵਿਧਾ ਵਿਚ ਮੁਹਾਰਤ ਅਤੇ ਬਾਕਮਾਲ ਸ਼ਾਇਰੀ ਦਾ ਪੁਖ਼ਤਾ ਪ੍ਰਮਾਣ ਹੈ। ਗ਼ਜ਼ਲ ਕਹਿਣ ਦਾ ਸ਼ਓਰ ਹੋਣ ਸਦਕਾ ਮੂਲ ਰੂਪ ਵਿਚ ਮੁਹੱਬਤ ਦੇ ਸ਼ਾਇਰ ਰਮਨ ਸੰਧੂ ਨੇ ਸਿੱਧ ਕਰ ਦਿੱਤੈ ਕਿ ਉਹ ਵੰਨ ਸੁਵੰਨੇ ਵਿਸ਼ਿਆਂ ਨੂੰ ਨਿਭਾਉਣ ਦੇ ਸਮਰੱਥ ਹੀ ਨਹੀਂ ਸਗੋਂ ਚੌਗਿਰਦੇ ਨੂੰ ਤੱਕਣ ਵਾਲੀ ਪੈਨੀ ਨਜ਼ਰ ਅਤੇ ਪੀਡੀ ਪਕੜ ਵੀ ਉਸ ਕੋਲ ਮੌਜੂਦ ਹੈ। ਜੀਵਨ ਦੀਆਂ ਡੂੰਘੀਆਂ ਤਹਿਆਂ ਫਰੋਲਣਾ ਅਤੇ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਢਾਲਨਾ ਉਸ ਦਾ ਵਿਸ਼ੇਸ਼ ਹਾਸਿਲ ਹੈ। ਮੁਹੱਬਤੀ ਸ਼ਖ਼ਸੀਅਤ ਰਮਨ ਨੂੰ ਜ਼ਿੰਦਗੀ ਭਾਵੇਂ ਇੱਕ ਔਖਾ ਸੁਆਲ ਬਣ ਕੇ ਟੱਕਰੀ, ਬਾਵਜੂਦ ਇਸਦੇ ਉਹ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਵੀ ਸਾਬਤ ਕਦਮੀ ਖਲੋਤਾ ਨਜ਼ਰ ਆਉਂਦਾ ਹੈ। ਉਹ ਆਪਣਾ ਆਪਾ ਦਾਅ ਤੇ ਲਾਉਣ ਦੀ ਹੱਦ ਤਕ ਫੱਟੜ ਹੈ। ਸ਼ਾਇਰੀ ਉਸ ਦੀ ਰੂਹ ਵਿੱਚ ਸਮਾਈ ਹੋਣ ਸਦਕਾ ਅਜਿਹੇ ਸ਼ਾਇਰਾਂ ਵਿਚ ਜਾ ਖਲੋਂਦਾ ਹੈ, ਜਿਨ੍ਹਾਂ ਲਈ ਸ਼ਾਇਰੀ ਇਕ ਕਸਬ ਹੈ, ਇਸ਼ਕ ਹੈ।

'ਸੁਪਨਿਆਂ ਸੰਗ ਸੰਵਾਦ' ਪੁਸਤਕ ਸ਼ਾਇਰ ਦੀ ਪੁਖ਼ਤਾ ਖ਼ਿਆਲ ਉਡਾਰੀ, ਖ਼ੂਬਸੂਰਤ ਬਿੰਬਾਵਲੀ ਵਿਅੰਗ ਦੀ ਤੀਖਣਤਾ ਅਤੇ ਸੰਵੇਦਨਸ਼ੀਲਤਾ ਦੀ ਗਵਾਹੀ ਭਰਦੀ ਹੈ। ਸਿਰਜਣਾ ਸੰਵੇਦਨਸ਼ੀਲ ਮਨ ਦੀ ਉਪਜ ਹੁੰਦੀ ਹੈ। ਇਸ ਤੱਥ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦਿਆਂ ਹੋਇਆਂ ਸਿਰਜਣਾਤਮਕ ਕਾਰਜ ਵਿੱਚ ਰੁੱਝੇ ਅਖੌਤੀ ਸਿਰਜਕਾਂ ਨੂੰ ਵੀ ਉਹ ਆਪਣੀ ਸਿਰਜਣ ਪ੍ਰਕਿਰਿਆ ਦੌਰਾਨ ਇਉਂ ਮੁਖ਼ਾਤਿਬ ਹੁੰਦਾ ਹੈ:-

'ਬਾਜ਼ਾਰੋਂ ਕੀਮਤੀ ਕਲਮਾਂ, ਸੁਨਹਿਰੇ ਵਰਕ ਲੈ ਆਏ
ਤੇ ਹੁਣ ਕਵਿਤਾ ਲਈ ਦੱਸਿਓ, ਹਰਫ਼ ਕਿੱਥੋਂ ਲਿਆਓਗੇ ?'--15

ਸਮਕਾਲੀ ਪ੍ਰਸਥਿਤੀਆਂ ਵਿੱਚ ਸੱਭਿਆਚਾਰਕ ਅਤੇ ਸਾਂਸਕ੍ਰਿਤਕ ਵਿਰਾਸਤ ਨੂੰ ਨਕਾਰਨ ਦੀਆਂ ਮਨੁੱਖੀ ਦੁਰਭਾਵਨਾਵਾਂ ਨੂੰ ਉਹ ਇੰਜ ਉਲੀਕਦਾ ਹੈ:-

'ਦਿਓ ਨਾ ਦੋਸ਼ ਮਾਲੀ ਨੂੰ, ਨਾ ਮੌਸਮ ਤੇ ਗ਼ਿਲਾ ਕਰਿਓ
ਜਦੋਂ ਜੜ੍ਹ ਤੋਂ ਹੀ ਟੁੱਟੋਗੇ ਤਾਂ ਫਿਰ ਮੁਰਝਾ ਹੀ ਜਾਓਗੇ' –15

ਇਸ ਤਰ੍ਹਾਂ ਸ਼ਾਇਰ ਅਜੋਕੇ ਮਨੁੱਖ ਦੀ ਮਨੋ ਬਿਰਤੀ ਸਦਕਾ ਭਵਿੱਖਤ ਸਿੱਟਿਆਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। 'ਘਰ' ਪ੍ਰੇਮ ਅਤੇ ਵਿਸ਼ਵਾਸ ਦੀ ਨੀਂਹ ਉੱਤੇ ਟਿਕਿਆ ਇੱਕ ਅਜਿਹਾ ਮੁਹੱਬਤੀ ਆਲ੍ਹਣਾ ਹੁੰਦਾ ਹੈ, ਜਿੱਥੇ ਪ੍ਰੇਮ ਪਰੁੱਚੀਆਂ ਰੂਹਾਂ ਦਾ ਵਾਸ ਹੁੰਦਾ ਹੈ ਪਰ ਪਦਾਰਥਕ ਜੀਵਨ ਜਾਚ ਨੂੰ ਪਰਣਾਏ ਵਿਸ਼ਵਾਸ ਵਿਹੂਣੇ ਘਰਾਂ/ਦੇਸ਼ਾਂ ਦੀਆਂ ਡਗਮਗਾਉਂਦੀਆਂ ਨੀਹਾਂ ਪ੍ਰਤੀ ਵੀ ਉਹ ਖ਼ਦਸ਼ਾ ਜ਼ਾਹਿਰ ਕਰਦਾ ਹੋਇਆ, ਮਨੁੱਖਤਾ ਨੂੰ ਵੰਗਾਰਦਾ ਨਜ਼ਰ ਆਉਂਦਾ ਹੈ:-

'ਸਜਾ ਲੈਂਦੇ ਹੋ ਘਰ ਵਿੱਚ ਜੇ ਬਿਖਰ ਜਾਵਣ ਕਦੇ ਵਸਤਾਂ
ਅਗਰ ਘਰ ਹੀ ਬਿਖਰ ਜਾਵੇ ਤਾਂ ਉਹ ਕਿੱਦਾਂ ਸਜਾਓਗੇ ?'--15

'ਹੈ ਰਿਸ਼ਤਾ ਜੋੜਨਾ ਔਖਾ ਤੇ ਟੁੱਟਦੇ ਦੇਰ ਨਹੀਂ ਲੱਗਦੀ
ਉਮਰ ਲੱਗਦੀ ਐ ਵੱਸਣ ਤੇ, ਉੱਜੜਦੇ ਦੇਰ ਨਹੀਂ ਲੱਗਦੀ'

ਹਰ ਮਸਲਾ ਅਗਰ ਘਰ ਦਾ, ਘਰੇ ਸੁਲਝੇ ਤਾਂ ਬਿਹਤਰ ਹੈ
ਘਰੋਂ ਪੁੱਟੀਏ ਕਦਮ ਤਾਂ ਫਿਰ ਭਟਕਦੇ ਦੇਰ ਨਹੀਂ ਲੱਗਦੀ'--41

ਇਨ੍ਹਾਂ ਸ਼ਿਅਰਾਂ ਦੀ ਮਹੀਨ ਤੰਦ ਦੇਸ਼ ਕਾਲ ਦੇ ਸੰਦਰਭ ਵਿੱਚ ਰੱਖ ਕੇ ਵਾਚਿਆਂ ਹੋਰ ਵੀ ਵਧੇਰੇ ਸਾਰਥਕ ਹੋ ਨਿੱਬੜਦੀ ਹੈ। ਸ਼ਾਇਰ ਵਿਚਾਰਧਾਰਾਈ ਪੱਧਰ ਤੇ ਸਪਸ਼ਟਵਾਦੀ ਹੈ। ਉਸ ਕੋਲ ਪੁਖ਼ਤਾ ਸੋਚ ਤੇ ਕਾਵਿਕ ਮੁਹਾਂਦਰਾ ਵੀ ਹੈ ਅਤੇ ਪਾਠਕਾਂ ਸਰੋਤਿਆਂ ਨੂੰ ਕਾਇਲ ਕਰਨ ਦੀ ਸਮਰੱਥਾ ਨਾਲ ਵੀ ਲਬਰੇਜ਼ ਹੈ। 'ਸੁਪਨਿਆਂ ਸੰਗ ਸੰਵਾਦ' ਦਾ ਹਰ ਸ਼ਿਅਰ ਧਿਆਨ ਖਿੱਚਦਾ ਹੈ ਜਿਨ੍ਹਾਂ ਬਾਰੇ 'ਇਹ ਮਾਅਨੇ ਸਭ ਕੁਰਾਨ ਦੇ ਨੇ....।' ਵੀ ਕਹਿ ਦਿੱਤਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। 'ਘੁਮਿਆਰੀ ਨੂੰ ਆਪਣੇ ਭਾਂਡੇ ਦਾ ਪਤਾ ਹੁੰਦਾ ਹੈ' ਅਖਾਣ ਵਾਂਗ ਸ਼ਾਇਰ ਖੁਦ ਵੀ ਚੇਤੰਨ ਹੈ। 'ਜਨਤਕ ਮਸਲਿਆਂ ਨੂੰ ਜ਼ੁਬਾਨ ਦੇਣ' ਸਦਕਾ ਉਸ ਨੂੰ ਹਾਕਮਾਂ ਦੀ ਅੱਖ ਵਿਚ ਰੜਕਣ ਦਾ ਅਹਿਸਾਸ ਵੀ ਹੈ। ਸ਼ਾਇਰ ਆਪਣੀ ਕਿਸੇ ਇੱਕ ਗ਼ਜ਼ਲ ਜਾਂ ਸ਼ਿਅਰ ਹੀ ਨਹੀਂ ਸਗੋਂ ਹਰ ਹਰਫ ਬਾਰੇ ਚਰਚਾ ਛਿੜਨਾ ਲੋਚਦਾ ਹੈ:-

'ਮੇਰਾ ਹਰ ਸ਼ਿਅਰ ਹੀ ਸਮਕਾਲ ਦੇ ਬਰ ਮੇਚ ਦਾ ਹੋਵੇ
ਮੈਂ ਆਪਣੀ ਗ਼ਜ਼ਲ ਲਈ ਕੁਝ ਇੰਝ ਦਾ ਅੰਦਾਜ਼ ਮੰਗਦਾ ਹਾਂ'--71

'ਸਮੇਂ ਦੇ ਹਾਕਮਾਂ ਦੀ ਅੱਖ ਵਿਚ ਰੜਕੇ ਇਹ ਮੁਮਕਿਨ ਹੈ
ਕਰੂਗੀ ਇਸ ਤਰ੍ਹਾਂ ਦੇ ਵੀ ਕਈ ਕਾਰੇ ਮੇਰੀ ਪੁਸਤਕ

ਮੈਂ ਚਾਹੁੰਦਾ ਹਾਂ ਕਿ ਇਸ ਦੇ ਹਰ ਹਰਫ਼ ਉੱਤੇ ਹੋਏ ਚਰਚਾ
ਕਦੇ ਜਿੱਤੇ ਮੇਰੀ ਪੁਸਤਕ, ਕਦੇ ਹਾਰੇ ਮੇਰੀ ਪੁਸਤਕ'—84

ਕਵਿਤਾ ਪਰਾਏ ਅਨੁਭਵ ਦਾ ਸਜੀਲਾ ਚਿੱਤਰ ਜਾਂ ਰਸਿਕ ਬਿਆਨ ਮਾਤਰ ਨਹੀਂ ਅਤੇ ਨਾ ਹੀ ਇਹ ਮਾਂਗਵੇਂ ਸਿਧਾਂਤਾਂ ਬਾਰੇ ਕੋਰਾ ਸ਼ਾਸਤ੍ਰਾਰਥ ਹੈ। ਕਵੀ ਆਪਣੇ ਅਤੇ ਆਪਣੇ ਵਰਗਿਆਂ (ਸਮਾਜ) ਦੇ ਦੁੱਖ ਸੁੱਖ ਨੂੰ ਕਸੀਦ ਕੇ ਸ਼ਬਦਾਂ ਦਾ ਜਾਮਾ ਪੁਆਉਂਦਾ ਹੈ। ਕਵਿਤਾ ਦਾ ਰਾਹ ਆਪਣੇ ਲਹੂ ਚੋਂ ਹੋ ਕੇ ਜਾਂਦਾ ਹੈ'। ਰਮਨ ਸੰਧੂ ਮਾਨਵੀ ਫ਼ਿਕਰਾਂ ਤੇ ਸਰੋਕਾਰਾਂ ਬਾਰੇ ਹੀ ਸੁਚੇਤ ਨਹੀਂ ਸਗੋਂ ਗ਼ਜ਼ਲ ਦੇ ਸੁਹਜਾਤਮਕ ਵਿਧਾਨ ਬਾਰੇ ਵੀ ਸਜਗ ਹੈ। ਇਸ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਕੌਮੀ ਅਤੇ ਕੌਮਾਂਤਰੀ, ਸਮਾਜਿਕ ਅਤੇ ਰਾਜਸੀ ਪਰਿਵਰਤਨਾਂ ਸੰਗ ਵੀ ਸੰਵਾਦ ਰਚਾਉਂਦੀਆਂ ਹਨ ਅਤੇ ਚੌਗਿਰਦੇ ਵਾਪਰਦੀਆਂ ਘਟਨਾਵਾਂ ਬਾਰੇ/ਉਤੇ ਵੀ ਤਬਸਰਾ ਕਰਦੀਆਂ ਹਨ ਮਿਸਾਲ ਵਜੋਂ;

'ਜਦੋਂ ਬੇਖੌਫ਼ ਸੜਕਾਂ ਤੇ ਫਿਰਨ ਦੰਗਈ ਦਿਨੇਂ ਰਾਤੀਂ
ਉਦੋਂ ਸਮਝੋ ਉਨ੍ਹਾਂ ਦੇ ਸਿਰ 'ਤੇ ਹੱਥ ਹੋਵੇ ਹਕੂਮਤ ਦਾ'--25

'ਬਸ ਇੰਨੀ ਹੀ ਗੱਲ ਸੀ ਜਿਸ ਤੋਂ ਗੱਲ ਸੜਕਾਂ ਤਕ ਜਾ ਪਹੁੰਚੀ
ਹਾਕਮ ਆਖੇ ਸੁਪਨੇ ਲੈ ਜਾਓ, ਉਹ ਆਖਣ ਰੁਜ਼ਗਾਰ ਮਿਲੇ'--67

'ਕਹੇ ਹਾਕਮ ਕਿ ਛੱਡਕੇ ਰੋਸ ਮੁੱਖ ਧਾਰਾ 'ਚ ਆ ਜਾਓ
ਤੇ ਜਦ ਰੁਜ਼ਗਾਰ ਮੰਗਦੇ ਹਾਂ ਤਾਂ ਫਿਰ ਡੰਡਿਆਂ ਦੀ ਗੱਲ ਹੁੰਦੀ।'--69

ਜ਼ਾਹਿਰ ਹੈ ਕਿ ਸ਼ਾਇਰ ਦੀ ਕਾਵਿ ਭਾਸ਼ਾ ਸੂਖ਼ਮ, ਸੰਕੇਤਕ ਅਤੇ ਕਟਾਖਸ਼ੀ ਹੈ। ਜੀਵਨ ਦਾ ਕਠੋਰ ਯਥਾਰਥ ਉਸ ਦੀ ਰਚਨਾਤਮਕਤਾ ਨੂੰ ਵੀ ਨਿਰੰਤਰ ਮਘਾਈ ਰੱਖਦਾ ਹੈ ਅਤੇ ਭਟਕਣਾ ਦੀ ਜੂਨ ਹੰਢਾਉਣ ਤੋਂ ਵੀ ਹੋੜਦਾ ਹੈ। ਯੂਨਾਨੀ ਦਾਰਸ਼ਨਿਕ ਉਟੋਲਾਈਕਸ ਕਹਿੰਦਾ ਹੈ ਕਿ "ਜਦੋਂ ਮੈਂ ਇੱਧਰ ਉੱਧਰ ਭਟਕਦਾ ਹਾਂ ਤਾਂ ਲੱਗਦਾ ਹੈ ਕਿ ਮੈਂ ਸਹੀ ਰਾਹ 'ਤੇ ਹਾਂ।" ਇਸ ਪੁਸਤਕ ਵਿੱਚ ਸੁਪਨਿਆਂ ਦੇ ਹਿੰਡੋਲੇ 'ਤੇ ਚੜ੍ਹਿਆ ਮਨੁੱਖ ਜਦੋਂ ਹਕੀਕਤ ਦੇ ਰੂਬਰੂ ਹੁੰਦਾ ਹੈ ਓਸ ਵੇਲੇ ਦੀ ਖੰਡਿਤ ਮਾਨਸਿਕਤਾ ਵਾਲੇ ਮਨੁੱਖ ਦੇ ਝੋਰੇ, ਸ਼ਿਕਵੇ, ਉਦਾਸੀ ਅਤੇ ਬੇਚੈਨੀ ਦੇ ਵੀ ਦੀਦਾਰ ਹੁੰਦੇ ਹਨ। ਮੰਡੀ ਅਤੇ ਮਾਇਆ ਦੀ ਚਕਾਚੌਂਧ ਦੇ ਖਲਜਗਣਾਂ ਵਿੱਚ ਗੁਆਚੀ ਕਿਰਸਾਨੀ ਉਤੇ ਮਾਇਆਧਾਰੀ ਦੇ ਕਾਬਜ਼ ਹੋਣ ਸਦਕਾ ਸਭ ਕੁਝ ਦਾਅ 'ਤੇ ਲਾ ਕੇ ਰਸਾਤਲ ਵਿੱਚ ਖੁੱਭਿਆ ਅੰਨਦਾਤਾ ਸ਼ੂਨਯ ਦੀ ਸਥਿਤੀ ਵਿੱਚ ਹੈ:-

'ਮਹਿਜ਼ ਪਰਦੇ ਤੇ ਉਸਦੀ ਡੱਬ ਵਿੱਚ ਹਥਿਆਰ ਦਿਸਦੇ ਨੇ
ਅਸਲ ਵਿੱਚ ਅੰਨਦਾਤਾ ਜੇਬ ਵਿੱਚ ਸਲਫਾਸ ਰੱਖਦਾ ਹੈ।'--17

ਭਾਰਤੀ/ਪੰਜਾਬੀ ਕਿਸਾਨੀ ਦੇ ਪਿਛੋਕੜ ਨੂੰ ਗਹੁ ਨਾਲ ਵਿਚਾਰਿਆਂ ਕਿਰਤੀ/ਕਿਸਾਨ ਵਰਗ ਦੇ ਸੰਘਰਸ਼ ਲਈ ਲਾਮਬੱਦ ਰਹਿਣ ਵਾਲੇ ਜੁਝਾਰੂ ਕਿਰਦਾਰ ਦੇ ਦੀਦਾਰ ਹੁੰਦੇ ਹਨ। ਵਿਸ਼ਵ ਭਾਈਚਾਰੇ ਦੇ ਪੈਰੋਕਾਰਾਂ ਦੀ ਅਰਥਚਾਰੇ ਉੱਤੇ ਕਾਬਜ਼ ਹੋਣ ਦੀ ਕੁਟਿਲ ਨੀਤੀ ਦਾ ਸਤਾਇਆ, ਘਾਲਾਂ ਘਾਲਣ ਵਾਲਾ ਕਿਸਾਨ

ਆਤਮਘਾਤ ਵੱਲ ਹੋ ਤੁਰਿਆ ਹੈ। ਆਤਮਘਾਤੀ ਬਿਰਤੀ ਇਸੇ ਮਸਲੇ ਦਾ ਹੱਲ ਨਹੀਂ ਸਗੋਂ ਅਨੇਕਾਂ ਹੋਰ ਅਜਿਹੇ ਮਸਲਿਆਂ ਦੀ ਪੈਦਾਇਸ਼ ਹੋਣ ਸਦਕਾ, ਕਿਰਸਾਨੀ ਲਈ ਮਿਹਣਾ ਹੈ। ਇਸ ਲਈ ਆਤਮਕ ਸੋਝੀ ਨੂੰ ਪ੍ਰਣਾਈ ਮਨੋ ਸਥਿਤੀ ਨੂੰ ਵੀ ਸ਼ਾਇਰ ਨੇ ਕਾਨੀਬੱਧ ਕੀਤਾ ਹੈ ਜਿਵੇਂ :-

'ਉਹ ਕਰਜ਼ੇ ਨਾਲ ਕਰ ਲੈਂਦਾ ਜਦੋਂ ਪਰਵਾਰ ਦੀ ਤੁਲਨਾ
ਰੱਸੀ ਨੂੰ ਗਲ਼ੇ 'ਚੋਂ ਲਾਹ ਕੇ ਫਿਰ ਕਿੱਲੀ ਤੇ ਟੰਗ ਦਿੰਦਾ'--42

ਇੱਥੇ 'ਰੱਸੀ' ਨੂੰ ਗਲ਼ੇ ਚੋਂ ਲਾਹ ਕੇ ਕਿੱਲੀ ਤੇ ਟੰਗਣਾ ਕਿਸੇ ਨਵੇਂ ਫ਼ੈਸਲੇ ਦਾ ਸੰਕੇਤ ਹੈ। ਅਜਿਹੀ ਮਨੋ ਅਵਸਥਾ ਆਤਮਿਕ ਸੋਝੀ ਦੀ ਲਖਾਇਕ ਹੈ ਜਿਸ ਤੋਂ ਨਵੇਂ ਸਿਰੇ ਤੋਂ ਸੰਘਰਸ਼ ਵਿੱਢਣ ਦੀ, ਚੁਣੌਤੀਆਂ ਨਾਲ ਦਸਤਪੰਜਾ ਲੈਣ ਦੀ ਆਸ ਬੱਝਦੀ ਹੈ। ਇਸ ਤਰ੍ਹਾਂ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਸਾਹਿਤਕ ਸਰੋਕਾਰਾਂ ਦੀ ਤਹਿ ਦਰ ਤਹਿ ਚਿੱਥੜੇ ਉਧੇੜਦਾ ਖ਼ੁੱਦਾਰ ਤਬੀਅਤ ਤੇ ਅੱਖੜ ਕਲਾ ਸਾਧਕ, ਕਲਾ ਸਾਧਨਾ ਸਮੇਂ ਬੇਲਿਹਾਜ ਹੋ ਕੇ ਬਖੀਏ ਉਧੇੜਣ ਵਿੱਚ ਸਿੱਧ ਹਸਤ ਹੋਣ ਦੇ ਨਾਲ ਨਾਲ ਭਾਸ਼ਾਈ ਸੁਹਜ ਅਤੇ ਕਾਵਿ ਸੰਚਾਰ ਬਾਰੇ ਵੀ ਪੂਰੀ ਤਰ੍ਹਾਂ ਚੇਤੰਨ ਹੈ:-

'ਬਣੀ ਜੇ ਨਾਂ ਸਮੇਂ ਦੇ ਹਾਣ ਦੀ ਹੁਣ ਸ਼ਾਇਰੀ ਤੇਰੀ
ਤਮਾਸ਼ਾ ਬਣ ਕੇ ਰਹਿ ਜਾਣੀ ਬਜ਼ਮ ਵਿੱਚ ਸਾਦਗੀ ਤੇਰੀ'—21

ਸ਼ਾਇਰ ਨੂੰ ਆਪਣੀਆਂ ਰਚਨਾਵਾਂ ਵਿਚਲੇ ਕਲਾਤਮਕ ਸ਼ਿਖਰ ਦਾ ਭਰਪੂਰ ਅਹਿਸਾਸ ਵੀ ਹੈ। ਇਸ ਲਈ ਉਹ ਹੋਰਨਾਂ ਤੋਂ ਦਸਤਾਵੇਜ਼ੀ ਪ੍ਰਮਾਣ ਲੈਣ ਦਾ ਮੁਥਾਜ ਨਹੀਂ। ਇਹ ਸਵੈਮਾਨੀ ਬਿਰਤੀ ਉਸਨੂੰ ਅਖੌਤੀ ਸਿਰਜਕਾਂ ਤੋਂ ਵਖਰਿਆਉਂਦੀ ਵੀ ਹੈ:-

'ਮੇਰੇ ਸ਼ੇਅਰਾਂ 'ਤੇ ਵਾਹ ਵਾਹ ਨਾ ਕਰੇ ਪਰਵਾਹ ਨਹੀਂ, ਲੇਕਿਨ
ਜ਼ਮਾਨਾ ਸੱਚ ਬੋਲਣ 'ਤੇ ਮੇਰਾ ਸਨਮਾਨ ਕਰਦਾ ਹੈ'--18

ਇਸ ਤਰ੍ਹਾਂ 'ਸੁਪਨਿਆਂ ਸੰਗ ਸੰਵਾਦ' ਪੁਸਤਕ ਸੱਚ ਦੀ ਮੁਦਈ ਹੋਣ ਦੀ ਗਵਾਹੀ ਭਰਦੀ ਹੈ। ਇਹ ਗੱਲ ਵੱਖਰੀ ਹੈ ਕਿ ਸੱਚ ਨੂੰ ਹਰ ਯੁੱਗ ਵਿਚ ਭਾਰੀ ਕੀਮਤ ਤਾਰਨੀ ਪਈ। ਸੱਚ ਦੇ ਮੁਦਈ ਪਰਵਾਨਿਆਂ ਵਾਂਗ, ਆਪਾ ਫਨਾਹ ਕਰਕੇ ਵੀ ਸੱਚ ਦੀ ਪੈਰਵੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਸੁਕਰਾਤ ਵਾਂਗ ਆਪਣੇ ਹੱਥੀਂ ਜ਼ਹਿਰ ਦਾ ਪਿਆਲਾ ਪੀਣ ਲਈ ਖੀਵੇ ਨਜ਼ਰ ਆਉਂਦੇ ਹਨ। ਉਹ ਉਨ੍ਹਾਂ ਵਿੱਚੋਂ ਹੁੰਦੇ ਹਨ ਜਿਨ੍ਹਾਂ ਲਈ 'ਹਾਰੀ ਹੋਈ ਜ਼ਿੰਦਗੀ ਜਿਊਣ ਨਾਲੋਂ ਜ਼ਿੰਦਗੀ ਹਾਰਨੀ ਚੰਗੀ।' ਅਜਿਹੀ ਮਾਨਸਿਕਤਾ ਸਿਖ਼ਰ ਵੱਲ ਲੈ ਜਾਂਦੀ ਹੋਈ, ਦੇਸ਼ ਕਾਲ ਦੀਆਂ ਹੱਦਾਂ ਤੋਂ ਮੁਕਤੀ ਦਾ ਸਬੱਬ ਬਣਦੀ ਹੈ:-

'ਮੇਰਾ ਹੈ ਮਸ਼ਵਰਾ ਕੀ ਨਾ ਉਗਾਇਓ ਖ਼ਾਬ ਨੈਣਾਂ ਵਿਚ
ਜਦੋਂ ਜੋਬਨ 'ਤੇ ਆਵੇ ਉਹ, ਬੜਾ ਨੁਕਸਾਨ ਕਰਦਾ ਹੈ'--18

ਸ਼ਾਇਰ ਨਵੀਂਆਂ ਚੁਣੌਤੀਆਂ ਨਾਲ ਵਾਬਸਤਾ ਹੈ ਤੇ ਬਿਨਾਂ ਕਿਸੇ ਨਾਅਰੇਬਾਜ਼ੀ ਜਾਂ ਜੁਮਲਿਆਂ ਦੇ ਸੰਵਾਦ ਰਚਾਉਂਦਾ ਹੈ। ਇਹ ਸੰਵਾਦ ਆਤਮ ਨਾਲ ਵੀ ਹੈ, ਸਮੇਂ ਨਾਲ ਵੀ ਹੈ ਅਤੇ ਸਮਾਜ ਨਾਲ ਵੀ। ਸੰਵਾਦ ਚੱਲਦਾ ਰਹਿਣਾ ਜ਼ਿੰਦਗੀ ਦੀ ਗਤੀਸ਼ੀਲਤਾ ਦਾ ਪ੍ਰਤੀਕ ਹੈ। ਖੜੋਤ ਮਾਰੂ ਸਾਬਤ ਹੁੰਦੀ ਹੈ ਭਾਵੇਂ ਮਨੁੱਖ ਆਪੇ ਹੰਢਾਵੇ ਜਾਂ ਉਸਨੂੰ ਹੰਢਾਉਣੀ ਪਵੇ। ਸ਼ਾਇਰ ਇੱਕ ਸੁਚੱਜੇ ਸ਼ਿਲਪਕਾਰ ਵਾਂਗ ਬੜੀ ਨੀਝ ਨਾਲ ਸ਼ਬਦ ਘਟਦਾ ਹੀ ਨਹੀਂ, ਸ਼ਬਦ ਜੜਤ ਵਿਚ ਵੀ ਉਸਤਾਦ ਹੈ। ਉਹ ਸ਼ਬਦਾਂ ਨਾਲ ਖੇਡਦਾ ਹੀ ਨਹੀਂ ਜਾਂ ਉਨ੍ਹਾਂ ਨੂੰ ਮਾਣਦਾ ਹੀ ਨਹੀਂ ਸਗੋਂ ਹਰ ਸ਼ਬਦ ਦੀ ਰੂਹ ਨੂੰ ਧੁਰ ਅੰਦਰ ਤੱਕ ਪਛਾਣਦਾ ਵੀ ਹੈ:-

'ਮੇਰੇ ਸੀਨੇ 'ਚ ਹੀ ਦਮ ਤੋੜ ਗਏ ਅਲਫ਼ਾਜ਼ ਸਭ ਮੇਰੇ
ਮੇਰੇ ਖ਼ਿਆਲਾਂ ਨੂੰ ਜਨਮਾਂ ਦੀ ਚੁੱਪ ਜੋ ਵਰ ਗਿਆ ਕੋਈ'--29

ਸ਼ਾਇਰ ਦੇ ਨਿੱਜੀ ਅਨੁਭਵ ਮਨ ਦੀ ਕੁਠਾਲੀ ਵਿੱਚ ਤਪ ਕੇ, ਪਿਘਲ ਕੇ, ਸ਼ਿਅਰਾਂ ਦੇ ਰੂਪ ਵਿੱਚ ਢਲ ਕੇ ਗ਼ਜ਼ਲ ਦਾ ਰੂਪ ਗ੍ਰਹਿਣ ਕਰ ਜਾਂਦੇ ਹਨ :-

'ਸਮਝ ਗਿਆ ਸਾਂ ਇਨਾਂ ਘਰ ਨੂੰ ਛੱਡਣ ਵੇਲੇ
ਹਰ ਇਕ ਤਾਰਾ ਰੋਂਦਾ ਹੋਣੈ ਟੁੱਟਣ ਵੇਲੇ
ਬੇਸਮਝਾਂ ਨੇ ਵਿਹੜੇ ਵਿਚ ਲਗਾ ਛੱਡਿਆ ਹੈ
ਬਿਰਖ ਦੇ ਸੁਪਨੇ ਵਿੱਚ ਜੰਗਲ ਸੀ ਉਗਣ ਵੇਲੇ'--75

ਇਸੇ ਤਰ੍ਹਾਂ ਇਸ ਪੁਸਤਕ ਵਿਚਲੀਆਂ ਚੋਖੀਆਂ ਗ਼ਜ਼ਲਾਂ ਵਿਚ ਸ਼ਾਇਰ ਨੇ ਵੰਨ ਸੁਵੰਨੇ ਸਮਕਾਲੀ ਸਰੋਕਾਰਾਂ ਪ੍ਰਤੀ ਬੜੀ ਗੰਭੀਰ ਮੁਦਰਾ ਅਖਤਿਆਰ ਕਰਦਿਆਂ ਹੋਇਆਂ, ਪੂਰੇ ਤਨਜ਼ੀਆ ਅੰਦਾਜ਼ ਅਤੇ ਜਲੌਅ ਸਹਿਤ ਬੜੀ ਬਾਰੀਕ ਬੀਨੀ ਸੰਗ ਪ੍ਰਵਚਨ ਉਸਾਰਿਆ ਹੈ:-

'ਕਿ ਬੇਤਰਤੀਬੇ, ਬੇਮਕਸਦ ਕਿਤੇ ਨਾ ਉਹ ਰਹੇ ਵਹਿੰਦੀ,
ਥਲਾਂ ਵਿੱਚ ਵਹਿਣ ਦਾ ਆਓ ਨਦੀ ਨੂੰ ਫਲਸਫ਼ਾ ਦੇਈਏ

ਉਨ੍ਹਾਂ ਦੀ ਪਹੁੰਚ ਵਿਚ ਹੋਵੇ ਹਰਿਕ ਧਰਤੀ, ਹਰਿਕ ਅੰਬਰ
ਅਗਰ ਕੁੜੀਆਂ ਨੂੰ ਪਰ, ਪਰਵਾਜ਼, ਹੌਂਸਲਾ ਦੇਈਏ'—39

ਅਸੀਂ ਦਾਅਵੇ ਤਾਂ ਕਰਦੇ ਹਾਂ ਕਿ ਸਭ ਨੂੰ ਹੱਕ ਹੈ ਜਿਉਣੇ ਦਾ
ਮਗਰ ਬਾਜਾਂ ਦੇ ਘਰ 'ਚੋਂ ਫੇਰ ਵੀ ਘੁੱਗੀਆਂ ਦੇ ਪਰ ਮਿਲਦੇ'--74

'ਉਹ ਜਣਨੀ ਹੈ, ਸਮਰਪਣ ਹੈ, ਮੁਹੱਬਤ ਹੈ, ਇਬਾਦਤ ਹੈ
ਖ਼ੁਦਾ ਜਾਣੇ ਕਿ ਲੋਕੀਂ ਫੇਰ ਧੀ ਜੰਮਣ ਤੋਂ ਕਿਉਂ ਡਰਦੇ'--81

ਉਪਰੋਕਤ ਫਿਕਰਮੰਦੀ, ਸ਼ਾਇਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਵੀ ਨਿਸ਼ਾਨਦੇਹੀ ਕਰਦੀ ਹੈ ਤੇ ਅਨੁਭਵ ਦੀ ਵਿਸ਼ਾਲਤਾ ਨੂੰ ਵੀ ਦਰਸਾਉਂਦੀ ਹੈ। ਇਕ ਪਾਸੇ ਵਿਸ਼ਵੀਕਰਨ ਦੇ ਦੌਰ ਵਿੱਚ, ਮੰਡੀ ਦੇ ਮੁੱਲਾਂ ਨੂੰ ਪ੍ਰਣਾਏ ਮਨੁੱਖ ਦੀ ਪ੍ਰਾਕਿਰਤੀ ਵਿਰੋਧੀ ਸੋਚ ਨੂੰ ਨਿਹਾਰਨ ਵਾਲੀ ਦ੍ਰਿਸ਼ਟੀ ਵੀ ਉਸ ਕੋਲ ਮੌਜੂਦ ਹੈ ਜਿਵੇਂ:-

'ਵਣਾਂ ਵਿੱਚ ਫਿਰ ਰਹੇ ਸੌਦਾਗਰਾਂ ਤੋਂ ਡਰ ਗਿਆ ਏਨਾ
ਕਿ ਰੁੱਖ, ਪੰਛੀ ਦੇ ਪੰਜਿਆਂ ਨੂੰ ਵੀ ਆਰੀ ਸਮਝਦਾ ਹੈ'--68

'ਤੇ ਦੂਜੇ ਪਾਸੇ ਸਰਾਪੇ ਦੌਰ ਵਿੱਚ ਕੁਦਰਤ ਦੀ ਗੋਦ ਵਿੱਚ ਵਿਚਰਦੇ ਅਭੋਲ ਪਰਿੰਦਿਆਂ ਦੇ ਦਿਲ ਦੀ ਧੜਕਣ ਵੀ ਉਸ ਨੂੰ ਸੁਣਾਈ ਦੇਂਦੀ ਹੈ:-

'ਚੁੰਝਾਂ ਦੇ ਵਿੱਚ ਤਿਣਕੇ ਘੁੱਟਕੇ, ਨੈਣਾਂ ਵਿੱਚ ਉਦਾਸੀ ਲੈ
ਰੁੱਖ ਦੀ ਭਾਲ 'ਚ ਭਟਕੀ ਫਿਰਦੀ ਪੰਛੀਆਂ ਦੀ ਹੁਣ ਡਾਰ ਮਿਲੇ'—67

ਇਸ ਸ਼ਿਅਰ ਵਿਚ ਰੁੱਖ ਅਤੇ ਪਰਿੰਦੇ ਦਾ ਇੱਕ ਦੂਜੇ ਕੋਲੋਂ ਤ੍ਰਹਿਣਾ ਘੋਰ ਬੇਵਿਸਾਹੀ ਅਤੇ ਦੁਖਾਂਤ ਦਾ ਸੂਚਕ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਵਧਣ ਸਦਕਾ ਸਾਹਿਤਕ ਖੇਤਰ ਵੀ ਇਸ ਪੱਖੋਂ ਬੇਲਾਗ ਨਹੀਂ ਰਹਿ ਸਕਿਆ। 'ਤਸਬੀ ਦੇ ਮਣਕਿਆਂ' ਜਿਹੇ ਸ਼ਾਇਰਾਂ ਦਾ ਮਹਿਜ਼ ਘੁੰਗਰੂ ਬਣ ਕੇ ਰਹਿ ਜਾਣਾ ਉਸ ਨੂੰ ਖਟਕਦਾ ਹੈ। ਸੱਚੀ ਸੁੱਚੀ ਕਲਾ ਨੂੰ ਲੋਕਾਈ ਹਿੱਤ ਵਰਤਣ ਤੋਂ ਮੁਨਕਰ ਹੋਣ ਵਾਲੇ ਕਲਾ ਸਾਧਕਾਂ ਨੂੰ ਵੀ ਉਹ ਹਲੂਣਦਾ ਹੈ ਕਿ:-

'ਰਿਹਾ ਇਸ ਦੌਰ ਵਿੱਚ ਵੀ ਜੇ ਇਉਂ ਨ੍ਹੇਰਾ ਤੇਰੇ ਹੇਠਾਂ
ਕਰੂ ਫਿਰ ਮਾਫ਼ ਤੈਨੂੰ ਦੀਵਿਆ ਕਿੰਜ ਰੋਸ਼ਨੀ ਤੇਰੀ'—21

ਸਪੱਸ਼ਟ ਹੈ ਕਿ ਸਮਾਂ ਬੜਾ ਬਲਵਾਨ ਹੈ। ਕਾਵਿ ਧਰਮ ਤੋਂ ਬੇਮੁੱਖ ਹੋਣ ਵਾਲਿਆਂ ਦਾ ਮੁਆਫ਼ੀਨਾਮਾ ਵੀ ਤਸਦੀਕ ਨਹੀਂ ਹੋਣਾ। ਸ਼ਾਇਰ ਪ੍ਰਸ਼ਨਵਾਚੀ ਢੰਗ ਨਾਲ ਰਾਹੋਂ ਖੁੰਝ ਕੇ 'ਮੋਹਰਾ' ਬਣ ਚੁੱਕੇ ਮਨੁੱਖ ਦੀ ਹੋਣੀ ਸਦਕਾ, ਸਿਆਸਤ ਅਤੇ ਸਥਾਪਿਤ ਧਰਮ ਦੇ ਅਖੌਤੀ ਮੁਦੱਈਆਂ ਨੂੰ ਵੀ ਕਟਘਰੇ ਵਿਚ ਲਿਆ ਖੜ੍ਹਾ ਕਰਦਾ ਹੈ:-

'ਕਿਸੇ ਤੇ ਕੇਸ, ਨਾ ਪੁੱਛ ਗਿੱਛ ਤੇ ਨਾ ਝੰਜਟ ਸ਼ਨਾਖ਼ਤ ਦਾ
ਲਾਵਾਰਸ ਲਾਸ਼ ਕਹਿ ਕੇ ਫੂਕ 'ਤਾ ਮੋਹਰਾ ਸਿਆਸਤ ਦਾ

ਭਲਾ ਧਰਮਾਂ ਨੂੰ ਵੰਡਣ ਦਾ ਤੁਸਾਂ ਨੂੰ ਕੌਣ ਹੱਕ ਦਿੰਦੈ
ਮੈਂ ਹੱਥ ਜੋੜਾਂ ਜਾਂ ਹੱਥ ਖੋਲ੍ਹਾਂ, ਵਿਸ਼ਾ ਮੇਰੀ ਇਬਾਦਤ ਦਾ--25

ਕਦੇ ਮੰਦਰ ਤੇ ਜਾਂ ਮਸਜਿਦ ਜੇ ਜਾਣਾ ਪੈ ਗਿਆ ਤਾਂ ਫਿਰ
ਖ਼ੁਦਾ ਕੋਲੋਂ, ਕੋਈ ਸੱਖਣੀ ਖ਼ੁਦਾ ਤੋਂ ਹੈ ਜਗ੍ਹਾ ? ਪੁੱਛਣਾ
ਕੀ ਜ਼ਰੂਰਤ ਹੈ ਕਿਸੇ ਵਿੱਦਿਆ ਦੇ ਮੰਦਰ ਦੀ ਭਲਾ
ਬੇ ਇਲਮ ਲੋਕਾਂ ਨੂੰ ਬਿਹਤਰ ਹੈ ਕਿ ਫਿਰ ਮੰਦਰ ਦਿਓ --61

ਅਜੋਕੇ ਆਪਾਧਾਪੀ ਦੇ ਦੌਰ ਵਿੱਚ ਮੁੜ ਮੁੜ ਆਪਣਿਆਂ ਨੂੰ ਸ਼ੀਰਨੀਆਂ ਵੰਡਣ, ਲਿਆਕਤ ਨੂੰ ਨਜ਼ਰਅੰਦਾਜ਼ ਕਰਨ ਅਤੇ ਕਲਮਕਾਰਾਂ ਪ੍ਰਤੀ ਲਫਾਜ਼ੀ ਹਮਦਰਦੀ ਪ੍ਰਗਟਾਉਣ ਵਾਲਿਆਂ ਦੇ ਨਜ਼ਰੀਏ ਬਾਰੇ ਉਸ ਨੂੰ ਪੂਰਾ ਚਾਨਣ ਹੈ। ਉਹ ਇਕ ਸੰਵੇਦਨਸ਼ੀਲ ਸ਼ਾਇਰ ਹੀ ਨਹੀਂ ਸਗੋਂ ਇਕ ਸਮੀਖਿਅਕ ਵਾਂਗ ਸ਼ਾਇਰੀ ਨੂੰ ਘੋਖਦਾ ਪੜਤਾਲਦਾ ਵੀ ਹੈ:-

'ਮਾਣ ਨੂੰ ਸਨਮਾਣ ਨੂੰ ਉਹ ਕੀ ਕਰੂਗਾ ਦੋਸਤੋ
ਬੇਘਰੇ ਸ਼ਾਇਰ ਨੂੰ ਕੋਈ ਰਹਿਣ ਜੋਗਾ ਕਰ ਦਿਓ

ਕਰੂਗੀ ਸਭ ਸੰਵੇਦਨਸ਼ੀਲ ਮਨ ਭਾਰੇ ਮੇਰੀ ਪੁਸਤਕ
ਸਿਰਾਣੇ ਧਰ ਕੇ ਫਿਰ ਵੀ ਸੌਣਗੇ ਸਾਰੇ ਮੇਰੀ ਪੁਸਤਕ'-- 84

ਸੋ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ 'ਸੁਪਨਿਆਂ ਸੰਗ ਸੰਵਾਦ' ਗਜ਼ਲ ਸੰਗ੍ਰਹਿ ਵਿਸ਼ੇ ਅਤੇ ਰੂਪ ਦੋਵਾਂ ਪੱਖਾਂ ਤੋਂ ਵਿਕਾਸ ਦੀਆਂ ਨਵੀਆਂ ਮੰਜ਼ਿਲਾਂ ਤੈਅ ਕਰਦਾ ਹੋਇਆ, ਜਿਨ੍ਹਾਂ ਭਵਿੱਖਮੁਖੀ ਸੰਭਾਵਨਾਵਾਂ ਵੱਲ ਅਗਰਸਰ ਹੈ ਉਹ ਨਿਸ਼ਚੇ ਹੀ ਸਲਾਹੁਣ ਯੋਗ ਹਨ।

**ਹਵਾਲੇ**


1. ਹਰਭਜਨ ਸਿੰਘ ਰੈਣੂ ਕਾਵਿ, ਸਰੋਕਾਰ ਅਤੇ ਸਿਧਾਂਤ, ਪੰਨਾ -19
2. ਡਾ. ਤ੍ਰਿਲੋਕ ਚੰਦ ਤੁਲਸੀ, ਮਾਹੌਲ ਮਨ ਤੇ ਸਾਹਿਤ।

1. 3.ਸੰਧੂ ਰਮਨ, ਸੁਪਨਿਆਂ ਸੰਗ ਸੰਵਾਦ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ।